\

# ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ), ਮਿੱਡ-ਡੇ-ਮੀਲ ਸੈਲ, ਬਠਿੰਡਾ।

ਵੱਲ

ਸਮੂਹ ਬੀ ਪੀ ਈ ਓਜ਼,
ਜਿਲ੍ਹਾ ਬਠਿੰਡਾ।
ਪੱਤਰ ਨੰ: ਐਮ.ਡੀ.ਐਮ./ 2024/੧੧੨੨੮ ਮਿਤੀ: 05-08-2024

ਵਿਸ਼ਾ:- **ਜਿਲ੍ਹਾ ਬਠਿੰਡਾ ਵਿਖੇ ਸਕੂਲਾਂ ਵਿੱਚ ਮਿੱਡ ਡੇ ਮੀਲ ਸਕੀਮ ਤਹਿਤ ਚੱਲ ਰਹੀਆਂ ਵੱਖ-2 ਮੈੱਸ ਅਤੇ ਕੰਟੀਨਾਂ ਦੀਆਂ ਜਰੂਰੀ ਫੂਡ ਰਜਿਸਟਰੇਸ਼ਨਾਂ ਬਣਾਉਣ ਸੰਬੰਧੀ।**

ਉਪਰੋਕਤ ਵਿਸ਼ੇ ਸੰਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਫੂਡ ਸੇਫਟੀ ਅਤੇ ਸਟੈਂਡਰਡਜ ਐਕਟ 2006 ਅਤੇ ਰੂਲਜ 2011 ਅਨੁਸਾਰ ਸਕੂਲਾਂ ਵਿੱਚ ਚਲ ਰਹੀਆਂ ਮੈੱਸ ਅਤੇ ਕੰਟੀਨਾਂ ਦੀ ਫੂਡ ਸੇਫਟੀ ਰਜਿਸਟਰੇਸ਼ਨ ਹੋਣੀ ਲਾਜਮੀ ਹੈ। ਸੋ, ਆਪ ਦੇ ਬਲਾਕ ਦੇ ਅਧੀਨ ਆਉਂਦੇ ਸਕੂਲਾਂ ਵਿੱਚ ਜੇਕਰ ਕਿਸੇ ਸਕੂਲ ਵਿੱਚ ਕੰਟੀਨ ਜਾਂ ਮੈੱਸ ਚਲਦੀ ਹੈ ਤਾਂ ਉਸਦੀ ਸੂਚਨਾ ਨਿਮਨ ਹਸਤਾਖਰੀ ਦੇ ਦਫਤਰ ਵਿਖੇ ਭੇਜੀ ਜਾਵੇ ਅਤੇ ਇਹਨਾਂ ਸਕੂਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹਨਾਂ ਵੱਲੋ ਫੂਡ ਰਜਿਸਟਰੇਸ਼ਨ ਕਰਵਾਉਣੀ ਯਕੀਨੀ ਬਣਾਈ ਜਾਵੇ। ਫੂਡ ਰਜਿਸਟਰੇਸ਼ਨ ਲਈ ਲਿੰਕ ਨਾਲ ਨੱਥੀ ਪੱਤਰ ਵਿੱਚ ਮੋਜੂਦ ਹੈ।

ਜਿਲ੍ਹਾ ਸਿੱਖਿਆ ਅਫਸਰ(ਐ.ਸਿ/ਸੈ.ਸਿ)
ਬਠਿੰਡਾ।

ਪਿੰ ਅੰ ਨੰ ਉਕਤ ਮਿਤੀ ਉਕਤ

ਉਪਰੋਕਤ ਦਾ ਉਤਾਰਾ ਸਮੂਹ ਸਸਸਸ, ਸਮਸ, ਸਹਸ, ਏਡਿਡ , ਮਾਡਲ, ਆਦਰਸ਼ ਸਕੂਲਾਂ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਜੇਕਰ ਕਿਸੇ ਸਕੂਲ ਵਿੱਚ ਕੰਟੀਨ ਜਾਂ ਮੈੱਸ ਚਲ ਰਹੀ ਹੈ ਤਾਂ ਉਸਦੀ ਫੂਡ ਰਜਿਸਟਰੇਸ਼ਨ ਕਰਵਾਉਣੀ ਯਕੀਨੀ ਬਣਾਈ ਜਾਵੇ ਅਤੇ ਇਸ ਦੀ ਸੂਚਨਾ ਸੰਬੰਧਤ ਬੀ ਪੀ ਈ ਓ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

ਜਿਲ੍ਹਾ ਸਿੱਖਿਆ ਅਫਸਰ(ਐ.ਸਿ/ਸੈ.ਸਿ)
ਬਠਿੰਡਾ।

Scanned with CamScanner

ਵੱਲੋ

ਸਹਾਇਕ ਕਮਿਸ਼ਨਰ ਫੂਡ ਸੇਫਟੀ,
ਦਫ਼ਤਰ ਸਿਵਲ ਸਰਜਨ, ਬਠਿੰਡਾ

ਵੱਲ

1) ਜਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ)
2) ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ)
ਮਿੰਨੀ ਸਕੱਤਰੇਤ, ਬਠਿੰਡਾ।

ਨੰ/ਫੂਡ/2024/ 314-315 ਮਿਤੀ:- 29/7/24

ਵਿਸ਼ਾ:- ਜਿਲ੍ਹਾ ਬਠਿੰਡਾ ਵਿਖੇ ਸਕੂਲਾਂ ਵਿੱਚ ਮਿੱਡ-ਡੇ-ਮੀਲ ਸਕੀਮ ਤਹਿਤ ਚੱਲ ਰਹੀਆਂ ਵੱਖ-ਵੱਖ ਮੈੱਸ ਅਤੇ ਕੰਟੀਨਾਂ ਦੀਆਂ ਜਰੂਰੀ ਫੂਡ ਰਜਿਸਟਰੇਸ਼ਨਾਂ ਬਣਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਫੂਡ ਸੇਫਟੀ ਅਤੇ ਸਟੈਂਡਰਡਜ ਐਕਟ 2006 ਅਤੇ ਰੂਲਜ 2011 ਅਨੁਸਾਰ ਸਕੂਲਾਂ ਵਿੱਚ ਚਲ ਰਹੀਆਂ ਮੈੱਸ ਅਤੇ ਕੰਟੀਨਾਂ ਦੀ ਫੂਡ ਸੇਫਟੀ ਰਜਿਸਟਰੇਸ਼ਨ ਹੋਣ ਲਾਜਮੀ ਹੈ। ਸੋ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਸਾਰੇ ਸਕੂਲਾਂ ਦੇ ਵਿੱਚ ਮਿੱਡ-ਡੇ-ਮੀਲ ਸਕੀਮ ਤਹਿਤ ਆਉਂਦੀਆਂ ਕੰਟੀਨਾਂ ਅਤੇ ਮੈਂਸਾਂ ਦੀ ਫੂਡ ਰਜਿਸਟਰੇਸ਼ਨ ਬਣਵਾਉਣੀ ਯਕੀਨੀ ਬਣਾਈ ਜਾਵੇ।ਫੂਡ ਰਜਿਸਟਰੇਸ਼ਨ ਬਣਾਉਣ ਲਈ ਕੋਈ ਵੀ ਸਰਕਾਰੀ ਫੋਟੋ ਪਹਿਚਾਣ ਪੱਤਰ ਅਤੇ ਇੱਕ ਪਾਸਪੋਰਟ ਸਾਈਜ ਫੋਟੋ ਲੋੜੀਂਦੇ ਹਨ। ਫੂਡ ਬਿਜਨਿਸ ਆਪਰੇਟਰ ਵੱਲੋਂ ਹੇਠ ਲਿਖੇ ਲਿੰਕ ਤੇ ਜਾ ਕੇ ਫੂਡ ਰਜਿਸਟਰੇਸ਼ਨ ਆਨਲਾਈਨ ਅਪਲਾਈ ਕੀਤੀ ਜਾ ਸਕਦੀ ਹੈ।

https://foscos.fssai.gov.in

ਇਸ ਤੋਂ ਇਲਾਵਾ ਹੋਰ ਲੋੜੀਂਦੀ ਜਾਣਕਾਰੀ ਅਤੇ ਪੱਤਰ ਵਿਹਾਰ ਕਰਨ ਲਈ ਫੂਡ ਸ਼ਾਖਾ, ਦਫ਼ਤਰ ਸਿਵਲ ਸਰਜਨ, ਬਠਿੰਡਾ (foodbranchbathinda15@gmail.com) ਨਾਲ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ।

ਸਹਾਇਕ ਕਮਿਸ਼ਨਰ ਫੂਡ ਸੇਫਟੀ,
ਦਫ਼ਤਰ ਸਿਵਲ ਸਰਜਨ, ਬਠਿੰਡਾ

ਪਿੱਠ ਅੰਕਣ ਨੰ/ਫੂਡ/2024/ ਮਿਤੀ:-

ਉਤਾਰਾ:- ਡਿਪਟੀ ਕਮਿਸ਼ਨਰ ਬਠਿੰਡਾ ਜੀ ਨੂੰ ਸੂਚਨਾ ਹਿੱਤ।

ਸਹਾਇਕ ਕਮਿਸ਼ਨਰ ਫੂਡ ਸੇਫਟੀ,
ਦਫ਼ਤਰ ਸਿਵਲ ਸਰਜਨ, ਬਠਿੰਡਾ

Scanned with CamScanner